ਸ਼ੁੱਕਰਵਾਰ
5, ਫ਼ਰਵਰੀ 2010
26 ਮਾਘ ,
ਨਾਨਕਸ਼ਾਹੀ 541

ਅੱਜ ਦੀ ਆਵਾਜ਼

ਕੀਮਤ 2 ਰੁਪਏ

ਜਲੰਧਰ
ਅੰਕ ਨੰ. 296,
ਸਾਲ 25
Postal Regd. No.
PB/0007/09-2011

www.ajdiawaaz.com
ਪੰਜਾਬ ਦੀ ਉਮੀਦ
info@ajdiawaaz.com


ਸ਼ਹਿਰ ਤੇ ਆਸ-ਪਾਸ
ਇਨਾਮ ਵੰਡ ਸਮਾਰੋਹ 3

ਸੰਪਾਦਕੀ
ਪ੍ਰਧਾਨ ਮੰਤਰੀ ਦੀ ਨੇਕ ਪਹਿਲ ਕਦਮੀ 4

ਇੱਕ ਕਦਮ ਅੱਗੇ
ਲਾਇਲਪੁਰ ਖ਼ਾਲਸਾ ਕਾਲਜ ਜਲੰਧਰ 8

ਪੰਜਾਬ ਦੀ ਇਤਿਹਾਸਕ ਵਿੱਦਿਅਕ ਸੰਸਥਾ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਸਥਾਪਨਾ ਦੇ 100 ਸਾਲਾਂ ਮੌਕੇ ਜਲੰਧਰ ਵਿਖੇ ਕਾਲਜ ਕੈਂਪਸ ਵਿੱਚ 5 ਅਤੇ 6 ਫਰਵਰੀ ਨੂੰ ਵਿਸ਼ੇਸ਼ ਸਮਾਗਮ ਹੋ ਰਹੇ ਹਨ। ਲਾਇਲਪੁਰ ਖਾਲਸਾ ਕਾਲਜ ਬਾਰੇ ਇੱਕ ਵਿਸ਼ੇਸ਼ ਲੇਖ ਅੱਜ ਸਫ਼ਾ ਨੰਬਰ 8 'ਤੇ ਛਾਪਿਆ ਜਾ ਰਿਹਾ ਹੈ। ਇਹ ਲੇਖ ਕਾਲਜ ਦੇ ਇੱਕ ਪ੍ਰਾਅਧਿਆਪਕ ਅਤੇ ਉੱਘੇ ਸਿੱਖ ਵਿਦਵਾਨ ਸ੍ਰੀ ਹਰਬੰਸ ਸਿੰਘ ਬੋਲੀਨਾ ਨੇ ਲਿਖਿਆ ਹੈ।

ਸ਼ਿਵ ਸੈਨਾ ਦੀ ਧਮਕੀ ਦਰ ਕਿਨਾਰ

ਰਾਹੁਲ ਅੱਜ ਕਰਨਗੇ ਮੁੰਬਈ ਦੌਰਾ

ਮੁੰਬਈ, 4 ਫਰਵਰੀ (ਵਿਸ਼ਵ ਵਾਰਤਾ)- ਕਾਂਗਰਸ ਪ੍ਰਧਾਨ

ਸ੍ਰੀਮਤੀ ਸੋਨੀਆ ਗਾਂਧੀ ਅਤੇ ਜਨਰਲ ਸਕੱਤਰ ਰਾਹੁਲ ਗਾਂਧੀ ਖਿਲਾਫ਼ ਕੀਤੀਆਂ ਗਈਆਂ ਟਿਪਣੀਆਂ ਨਾਲ ਸ਼ਿਵਸੈਨਾ ਅਤੇ ਕਾਂਗਰਸ ਵਿਚਾਲੇ ਵਧੇ ਤਕਰਾਰ ਦੇ ਬਾਵਜੂਦ ਰਾਹੁਲ ਗਾਂਧੀ ਨੇ 5 ਫਰਵਰੀ ਨੂੰ ਮੁੰਬਈ ਜਾਣ ਦਾ ਪ੍ਰੋਗਰਾਮ ਬਣਾਇਆ ਹੈ। ਵਰਣਨਯੋਗ ਹੈ ਕਿ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਕੁਝ ਦਿਨ ਪਹਿਲਾਂ ਬਿਆਨ ਦਿੱਤਾ ਸੀ ਕਿ ਮੁੰਬਈ ਸਾਰੇ ਭਾਰਤੀਆਂ ਦੀ ਹੈ। ਰਾਹੁਲ ਦੇ ਇਸ ਬਿਆਨ ਦੀ ਸ਼ਿਵਸੈਨਾ ਵੱਲੋਂ ਸਖ਼ਤ ਨਿਖੇਧੀ ਕੀਤੀ ਗਈ ਸੀ। ਇਸ ਤੋਂ ਇਲਾਵਾ ਸ਼ਿਵਸੈਨਾ ਨੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੂੰ ਵੀ ਆਪਣਾ ਨਿਸ਼ਾਨਾ ਬਣਾਇਆ ਸੀ। ਸ਼ਿਵਸੈਨਾ ਨੇ ਰਾਹੁਲ ਦੇ ਬਿਆਨ 'ਤੇ ਆਪਣਾ ਪ੍ਰਤੀਕਰਮ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਮੁੰਬਈ ਬੇਸ਼ੱਕ ਸਾਰੇ ਭਾਰਤੀਆਂ ਦੀ ਹੋ ਸਕਦੀ ਹੈ ਪਰ ਇਹ 'ਇਟਾਲੀਅਨ ਮੰਮੀ' ਦੀ ਨਹੀਂ ਹੋ ਸਕਦੀ। ਸ਼ਿਵਸੈਨਾ ਦੇ ਮੁਖੀ ਬਾਲ ਠਾਕਰੇ ਨੇ ਇਹ ਪ੍ਰਗਟਾਵਾ ਪਾਰਟੀ ਦੇ ਅਖ਼ਬਾਰ ਸਾਮਨਾ ਵਿਚ ਕਰਦਿਆਂ ਕਿਹਾ ਸੀ ਕਿ ਕਾਂਗਰਸ ਦਾ ਰਾਜਕੁਮਾਰ ਰਾਹੁਲ ਬੌਖਲਾ ਗਿਆ ਹੈ ਅਤੇ ਬੁਖਲਾਹਟ (ਬਾਕੀ ਸਫਾ 2 'ਤੇ)

ਪੰਥ 'ਚੋਂ ਛੇਕੇ ਗਏ ਦਰਸ਼ਨ ਸਿੰਘ ਰਾਗੀ ਦਾ ਸਾਥ ਦੇਣ ਵਾਲਿਆਂ ਤੋਂ ਕੌਮ ਸੁਚੇਤ ਰਹੇ- ਜਥੇ: ਮੱਕੜ

ਅੰਮ੍ਰਿਤਸਰ 4 ਫਰਵਰੀ (ਮੋਤਾ ਸਿੰਘ)- ਸਥਾਨਕ ਗੁਰੂ ਨਾਨਕ ਨਿਵਾਸ ਇਕੱਤਰਤਾ ਹਾਲ 'ਚ ਜਥੇਦਾਰ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪ੍ਰੋ: ਦਰਸ਼ਨ ਸਿੰਘ ਵਲੋਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਗੰਦੀ, ਭੱਦੀ ਤੇ ਨਾ ਸੁਣਨਯੋਗ ਵਰਤੀ ਸ਼ਬਦਾਵਲੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਪਾਸ ਸਪਸ਼ਟੀਕਰਨ ਦੇਣ ਦੀ ਬਜਾਏ ਕੀਤਾ ਪਾਖੰਡ ਅਤੇ ਸਿੰਘ ਸਾਹਿਬਾਨ ਪ੍ਰਤੀ ਵਰਤੀ ਨੀਵੇਂ ਪੱਧਰ ਦੀ ਸ਼ਬਦਾਵਲੀ ਅਜਿਹਾ ਸਭ ਵਰਤਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤੌਹੀਨ ਹੈ। ਦਰਸ਼ਨ ਸਿੰਘ ਰਾਗੀ ਨੂੰ ਪੰਥ 'ਚੋਂ ਛੇਕੇ ਜਾਣ ਉਪ੍ਰੰਤ ਪੰਥ ਵਿਰੋਧੀ ਏਜੰਸੀਆਂ ਦੇ ਇਸ਼ਾਰੇ 'ਤੇ ਕੂੜ ਪ੍ਰਚਾਰ ਕਰਨ ਵਾਲਿਆਂ ਦੀ ਜ਼ੋਰਦਾਰ ਨਿੰਦਾ ਦਾ ਮਤਾ ਪਾਸ ਕਰਦਿਆਂ ਸੰਗਤਾਂ ਨੂੰ ਇਨ੍ਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਵਲੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਨੂੰ ਅਕਹਿ ਤੇ ਅਸਹਿ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ ਦਾ ਬਦਲਾ ਲੈਂਦਿਆਂ ਸਿੱਖ ਪੰਥ ਦੇ ਮਹਾਨ ਜਰਨੈਲ ਬਾਬਾ ਬੰਦਾ

ਸਰਹਿੰਦ ਫਤਹਿ ਦਿਵਸ ਦੇ ਤੀਜੀ ਸ਼ਤਾਬਦੀ ਸਮਾਰੋਹ 12 ਮਈ ਤੋਂ ਫਤਿਹਗੜ੍ਹ ਸਾਹਿਬ 'ਚ

ਸਿੰਘ ਬਹਾਦਰ ਵਲੋਂ 1710 ਈ: 'ਚ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਫ਼ਤਹਿ ਉਪਰੰਤ ਸਿੱਖ ਰਾਜ ਦਾ ਝੰਡਾ ਝੁਲਾਇਆ। ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵਲੋਂ 'ਸਰਹਿੰਦ ਫ਼ਤਹਿ' ਕੀਤੇ ਜਾਣ ਨੂੰ 300-ਸਾਲ ਪੂਰੇ ਹੋਣ 'ਤੇ ਸਿੱਖ ਜਗਤ ਦੀ ਪ੍ਰਤੀਨਿਧ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 'ਸਰਹਿੰਦ ਫ਼ਤਹਿ' ਦੀ ਤੀਜੀ ਸ਼ਤਾਬਦੀ ਵਜੋਂ 12, 13 ਤੇ 14 ਮਈ ਨੂੰ ਫ਼ਤਹਿਗੜ੍ਹ ਸਾਹਿਬ ਵਿਖੇ ਵਿਸ਼ਵ ਪੱਧਰ 'ਤੇ ਮਨਾਏ ਜਾਣ ਸਬੰਧੀ ਕਈ ਫੈਸਲੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਭਾਵੇਂ ਇਹ ਸ਼ਤਾਬਦੀ ਫਤਹਿ ਦਿਵਸ ਦੀ ਮਨਾਈ ਜਾ ਰਹੀ ਹੈ ਪਰ ਕਿਉਂਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਗ੍ਰਿਫਤਾਰ ਕਰਕੇ ਮਹਿਰੌਲੀ (ਦਿੱਲੀ) ਲਿਜਾ ਕੇ ਸ਼ਹੀਦ ਕੀਤਾ ਸੀ ਇਸ ਲਈ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਮਹਿਰੌਲੀ (ਦਿੱਲੀ) ਤੀਕ ਵਿਸ਼ੇਸ਼ ਸ਼ਹੀਦ ਮਾਰਚ ਆਯੋਜਿਤ ਕਰਨ ਦੇ ਨਾਲ-ਨਾਲ ਮਹਿਰੌਲੀ ਵਿਖੇ ਵੀ ਇਕ ਧਾਰਮਿਕ ਸਮਾਗਮ ਆਯੋਜਿਤ ਕੀਤੇ ਜਾਣ ਦਾ ਫੈਸਲਾ ਕੀਤਾ ਗਿਆ ਹੈ। ਸਮਾਗਮਾਂ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੋ ਸੈਮੀਨਾਰ ਇਕ ਦਿੱਲੀ ਅਤੇ ਇਕ ਫਤਹਿਗੜ੍ਹ ਸਾਹਿਬ ਵਿਖੇ ਆਯੋਜਿਤ ਕੀਤੇ ਜਾਣਗੇ ਜਿਸ ਵਿਚ ਨਾਮਵਰ ਵਿਦਵਾਨ ਆਪਣੇ ਪ੍ਰਚੇ ਪੜਨਗੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਡਾਕੂਮੈਂਟਰੀ ਫਿਲਮ ਤਿਆਰ ਕੀਤੇ ਜਾਣ, ਸ਼ਤਾਬਦੀ ਨੂੰ ਸਮਰਪਿਤ ਸੋਨੇ-ਚਾਂਦੀ ਦੇ ਯਾਦਗਾਰੀ ਸਿੱਕੇ ਜਾਰੀ ਕਰਨ , ਇਸ ਮੌਕੇ 5 ਤੇ 10 ਰੁਪਏ ਵਾਲੀ ਡਾਕ ਟਿਕਟਾਂ ਜਾਰੀ ਕੀਤੇ ਜਾਣ ਲਈ ਪੰਜਾਬ ਤੇ ਕੇਂਦਰ ਸਰਕਾਰ ਨੂੰ ਲਿਖਣ ਅਤੇ ਸ਼ਤਾਬਦੀ ਸਮਾਗਮ ਸਮੇਂ ਗਤਕਾ ਮੁਕਾਬਲੇ (ਬਾਕੀ ਸਫਾ 2 'ਤੇ)

ਸਮਾਂ ਚੁਣੌਤੀਆਂ ਭਰਪੂਰ, ਹੇਠਲੇ ਕੇਡਰ ਦੀ ਸਾਰ ਲੈਣੀ ਜ਼ਰੂਰੀ-ਅਸ਼ਵਨੀ ਸ਼ਰਮਾ

ਭਾਜਪਾ ਪ੍ਰਧਾਨ ਦੀ ਤਾਜਪੋਸ਼ੀ

ਚੰਡੀਗੜ੍ਹ, 4 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨੇ ਨਵੇਂ ਚੁਣੇ ਪ੍ਰਧਾਨ ਸ੍ਰੀ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਭਾਜਪਾ ਵਾਸਤੇ ਇਹ ਸਮਾਂ ਬਹੁਤ ਚੁਣੌਤੀਆ ਭਰਿਆ ਹੈ। ਉਨ੍ਹਾਂ ਨੇ ਭਾਜਪਾ ਦੇ ਵਿਧਾਇਕਾਂ ਅਤੇ ਨੇਤਾਵਾਂ ਨੂੰ ਕਿਹਾ ਕਿ ਪਾਰਟੀ ਦੇ ਹਿੱਤਾਂ ਨੂੰ ਅੱਗੇ ਰੱਖਦੇ ਹੋਏ ਉਨ੍ਹਾਂ ਨੂੰ ਹੇਠਲੇ ਪੱਧਰ ਉੱਤੇ ਵਰਕਰਾਂ ਨੂੰ ਮਿਲਣਾ ਜ਼ਰੂਰੀ ਹੈ। ਵੋਟ ਦੀ ਰਾਜਨੀਤੀ ਤੋਂ ਤੌਬਾ ਕਰਕੇ ਵਰਕਰਾਂ ਦੇ ਕੰਮ ਕਰਨੇ ਚਾਹੀਦੇ ਹਨ। ਵਰਕਰਾਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਅਸੈਂਬਲੀ ਚੋਣਾਂ ਸਮੇਂ ਕੋਈ ਚੋਣ ਲੜਨ ਵਾਲਿਆਂ ਨੂੰ ਦਿੱਕਤ ਨਾ ਆ ਸਕੇ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਇਸ ਚੁਣੌਤੀ ਭਰੇ ਸਮੇਂ ਵਿੱਚ ਦੇਖਣਾ, ਸੰਗਠਨ, ਪਾਰਟੀ ਅਤੇ ਸਰਕਾਰ ਵਿੱਚ ਕਿਵੇਂ ਤਾਲਮੇਲ ਰੱਖਣਾ ਹੈ। ਫਿਰ ਵੋਟਰਾਂ ਵਿੱਚ ਅਤੇ ਹੇਠਲੇ ਪੱਧਰ ਤੇ ਵਰਕਰਾਂ ਵਿੱਚ ਤਾਲਮੇਲ ਕਿਵੇਂ ਕਾਇਮ ਰੱਖਣਾ ਹੈ ਤਾਂ ਜੋ (ਬਾਕੀ ਸਫਾ 2 'ਤੇ)

47 ਡੈਲੀਗੇਟਾਂ ਨੇ ਭਾਗ ਲਿਆ, 13 ਨੈਸ਼ਨਲ ਕੌਂਸਲ ਲਈ ਚੁਣੇ ਗਏ

ਸਮੂਹ ਸਮਾਜ ਭਲਾਈ ਯੋਜਨਾਵਾਂ ਨੂੰ ਇਕ ਪ੍ਰਬੰਧ ਹੇਠ ਲਿਆਉਣ ਦੀ ਲੋੜ -ਸੁਖਬੀਰ ਬਾਦਲ

ਚੰਡੀਗੜ੍ਹ 4 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਅੱਜ ਵਜੀਫ਼ਾ ਅਤੇ ਹੋਰ ਫ਼ਾਇਦਿਆਂ ਸਮੇਤ ਸਮੂਹ ਸਮਾਜਿਕ ਭਲਾਈ ਯੋਜਨਾਵਾਂ ਦਾ ਸਬੰਧਤ ਲੋਕਾਂ ਨੂੰ ਸੁਚੱਜਾ ਫ਼ਾਇਦਾ ਪੰਹੁਚਾਉਣ ਲਈ ਇਨ੍ਹਾਂ ਨੂੰ ਇਕ ਪ੍ਰਬੰਧ ਹੇਠ ਲਿਆਂਦੇ ਜਾਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਅੱਜ ਇਥੇ ਵੱਖ ਵੱਖ ਭਲਾਈ ਯੋਜਨਾਵਾਂ ਦੇ ਲਾਗੂ ਕਰਨ ਅਮਲ ਦੀ ਸਮੀਖਿਆ ਕਰਦਿਆਂ ਉਪ ਮੁੱਖ ਮੰਤਰੀ ਨੇ ਮਹਿਸੂਸ ਕੀਤਾ ਹੈ ਕਿ ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿੱਚ ਵੱਖ ਵੱਖ ਵਿਭਾਗਾ ਦੀ ਸ਼ਮੂਲੀਅਤ ਅਤੇ ਵੱਖਰੀ ਪਹੁੰਚ ਕਾਰਨ ਇਨ੍ਹਾਂ ਦਾ ਅਸਲ ਮਕਸਦ ਪੂਰੀ ਤਰ੍ਹਾਂ ਪੂਰਾ ਨਹੀਂ ਹੁੰਦਾ ਭਾਵ ਜਿਸ ਮੁਢੱਲੇ ਆਸ਼ੇ ਨੂੰ ਲੈ ਕੇ ਇਹ ਯੋਜਨਾਵਾਂ ਉਲੀਕੀਆਂ ਜਾਂਦੀਆਂ ਹਨ ਉਸ ਦੇ ਪੂਰਾ ਹੋਣ ਵਿੱਚ ਥੋੜੀ ਬਹੁਤ ਕਮੀ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਯੋਜਨਾਵਾਂ ਦਾ ਢੁੱਕਵਾਂ ਪ੍ਰਚਾਰ ਨਾ ਹੋਣ ਅਤੇ ਲਾਭ ਪਾਤਰੀਆਂ ਦੇ ਇਨ੍ਹਾਂ ਬਾਰੇ ਪੂਰੀ ਤਰ੍ਹਾਂ ਜਾਗਰੂਕ ਨਾ ਹੋਣ ਦਾ ਨਤੀਜਾ ਇਨ੍ਹਾਂ ਦੇ ਅਧੂਰੇ ਲਾਗੂ ਕਰਨ ਦੇ ਰੂਪ ਵਿੱਚ ਵੀ ਨਿਕਲਦਾ ਹੈ। ਬਾਲੜੀਆਂ ਲਈ ਵੱਖ ਵੱਖ ਭਲਾਈ ਯੋਜਨਾਵਾਂ ਦੇ ਸੰਬੰਧ ਵਿੱਚ ਉਪ ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਅਤੇ ਰਾਜ ਵਲੋਂ ਪ੍ਰਾਯੋਜਿਤ ਵੱਖ ਵੱਖ ਯੋਜਨਾਵਾਂ ਨੂੰ ਸਮਾਜਿਕ ਭਲਾਈ, ਸਿਹਤ ਅਤੇ ਸਿੱਖਿਆ ਵਿਭਾਗ ਵਲੋਂ ਲਾਗੂ ਕੀਤਾ ਜਾਂਦਾ ਹੈ ਅਤੇ ਇਨ੍ਹਾਂ ਵਿੱਚ ਪੂਰੀ ਤਰ੍ਹਾਂ ਤਾਲਮੇਲ ਨਾ ਹੋਣ ਕਾਰਨ ਆਮ ਲੋਕਾਂ ਨੂੰ ਇਨ੍ਹਾਂ ਦਾ ਫ਼ਾਇਦਾ ਲੈਣ ਲਈ ਵੱਖ ਵੱਖ ਵਿਭਾਗਾਂ ਤੱਕ ਪਹੁੰਚ ਕਰਦਿਆਂ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਯੋਜਨਾਵਾਂ ਦੇ ਪਸਾਰ ਅਤੇ ਜ਼ਮੀਨੀ ਪੱਧਰ 'ਤੇ ਸਹੀ ਲਾਭ ਪਾਤਰੀਆਂ ਨੂੰ ਇਨ੍ਹਾਂ ਦਾ ਫ਼ਾਇਦਾ ਯਕੀਨੀ ਬਨਾਉਣ ਲਈ ਗੈਰ ਸਰਕਾਰੀ ਸੰਗਠਨਾਂ ਅਤੇ ਹੋਰ ਭਲਾਈ ਸਗੰਠਨਾਂ ਦੀਆਂ ਸੇਵਾਵਾਂ ਲੈਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਸ: ਬਾਦਲ ਨੇ ਕਿਹਾ ਕਿ ਰਾਜ ਦੇ ਯੋਜਨਾਬੰਦੀ ਵਿਭਾਗ ਨੂੰ ਹਰ ਇਕ ਯੋਜਨਾ ਦੀ ਸਹੀ ਅਸਰਦਾਇਕਤਾ ਨੂੰ ਸਮਝਣ ਲਈ ਇਨ੍ਹਾਂ ਯੋਜਨਾਵਾਂ ਦਾ ਸਮਾਜਿਕ ਆਡਿਟ ਵੀ ਸ਼ੁਰੂ ਕਰਨ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਸ: ਬਾਦਲ ਨੇ ਕਿਹਾ ਕਿ ਪ੍ਰਸ਼ਾਸ਼ਕੀ ਸੁਧਾਰ ਪੈਨਲ ਸਮੂਹ ਯੋਜਨਾਵਾਂ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਇਨ੍ਹਾਂ ਨੂੰ ਇਕ ਪ੍ਰਬੰਧ ਹੇਠ ਲਿਆਉਣ 'ਤੇ ਵੀ ਵਿਚਾਰ ਕਰੇਗਾ। ਉਕਤ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮੁੱਖ ਸਕੱਤਰ ਸ਼੍ਰੀ ਐਸ.ਸੀ.ਅਗਰਵਾਲ, ਪ੍ਰਮੁੱਖ ਸਕੱਤਰ ਸਮਾਜਿਕ (ਬਾਕੀ ਸਫਾ 2 'ਤੇ)

ਵਰਿੰਦਰ ਨੇ ਪੰਜਾਬ ਰੈਗੂਲੇਟਰੀ ਕਮਿਸ਼ਨ ਦੇ ਮੈਬਰ ਵਜੋਂ ਸਹੁੰ ਚੁੱਕੀ

ਚੰਡੀਗੜ੍ਹ, 4 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)-ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਇਥੇ ਆਪਣੇ ਦਫਤਰ ਵਿੱਚ ਇੱਕ ਸਾਦੇ ਪ੍ਰੰਤੂ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ੍ਰੀ ਵਰਿੰਦਰ ਸਿੰਘ ਨੂੰ ਪੰਜਾਬ ਰੈਗੂਲੇਟਰੀ ਕਮਿਸ਼ਨ ਦੇ ਮੈਬਰ ਵਜੋਂ ਆਹੁਦੇ ਦਾ ਭੇਦ ਗੁਪਤ ਰੱਖਣ ਦੀ ਸਹੁੰ ਚੁਕਾਈ।ਅੱਜ ਇਥੇ ਇਹ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸ੍ਰੀ ਵਰਿੰਦਰ ਜੋ ਕਿ ਪੀ.ਐਸ.ਈ.ਬੀ ਤੋਂ ਦਸੰਬਰ, 2007 ਵਿੱਚ ਇੰਜੀਨੀਅਰ-ਇਨ-ਚੀਫ ਵਜੋਂ ਸੇਵਾ ਮੁਕਤ ਹੋਏ ਅਤੇ ਉਨਾਂ ਨੇ ਬਿਜਲੀ ਬੋਰਡ ਵਿੱਚ ਜਨਰੇਸਨ, ਟਰਾਂਸਮਿਸਨ, ਡਿਸਟ੍ਰੀਬਿਊਸ਼ਨ ਸਿਸਟਮ ਦੀਆਂ ਸੇਵਾਂਵਾ ਨਿਭਾਈਆਂ। ਉਨਾਂ ਨੇ ਆਪਣਾ ਕੈਰੀਅਰ 1971 ਵਿੱਚ ਭਿਲਾਈ ਸਟੀਲ ਪਲਾਂਟ ਤੋਂ ਸ਼ੁਰੂ ਕੀਤਾ ਅਤੇ ਬਾਅਦ ਵਿੱਚ ਬੋਕਾਰੋ ਸਟੀਲ ਪਲਾਂਟ ਵਿੱਚ ਚਲੇ ਗਏ। ਸਾਲ 1973 ਵਿੱਚ ਉਨਾਂ ਨੇ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਸਹਾਇਕ ਇੰਜੀਨੀਅਰ ਵਜੋਂ ਜੁਆਇੰਨ ਕੀਤਾ ਅਤੇ ਦਸੰਬਰ 2005 ਵਿੱਚ ਚੀਫ ਇੰਜੀਨੀਅਰ (ਬਾਕੀ ਸਫਾ 2 'ਤੇ)

ਭਾਰਤੀ ਡਰਾਈਵਰ 'ਤੇ ਕੁੱਟਮਾਰ ਦਾ ਕੇਸ ਦਰਜ

ਮੈਲਬੋਰਨ, 4 ਫਰਵਰੀ (ਵਿਸ਼ਵ ਵਾਰਤਾ)- ਆਸਟਰੇਲੀਆ ਵਿੱਚ ਵਿਕਟੋਰੀਆ ਪੁਲਿਸ ਨੇ ਅੱਜ ਇਕ ਭਾਰਤੀ ਟੈਕਸੀ ਡਰਾਈਵਰ ਨੂੰ ਆਪਣੇ ਯਾਤਰੀ 'ਤੇ ਕਥਿਤ ਤੌਰ 'ਤੇ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ। ਏ.ਏ.ਪੀ. ਦੀ ਰਿਪੋਰਟ ਮੁਤਾਬਿਕ, ਦੱਖਣੀ ਮੈਲਬੋਰਨ ਵਿੱਚ 25 ਸਾਲਾ ਇੱਕ ਯਾਤਰੀ ਅਤੇ ਟੈਕਸੀ ਡਰਾਈਵਰ ਵਿਚਾਲੇ ਕੱਲ੍ਹ ਰਾਤ ਕਰੀਬ 10 ਵਜੇ ਕਿਸੇ ਗੱਲ 'ਤੇ ਬਹਿਸ ਹੋ ਗਈ ਜਿਸ ਤੋਂ ਬਾਅਦ ਡਰਾਈਵਰ ਨੇ ਉਸ 'ਤੇ ਟੈਕਸੀ ਵਿੱਚ ਰੱਖੀ ਲੋਹੇ ਦੀ ਰਾਡ ਨਾਲ ਹਮਲਾ ਕਰ ਦਿੱਤਾ।

ਪ੍ਰਤੱਖਦਰਸ਼ੀਆਂ ਅਨੁਸਾਰ ਯਾਤਰੀ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਟੈਕਸੀ ਡਰਾਈਵਰ ਨੇ ਉਸ ਦਾ ਪਿੱਛਾ ਕੀਤਾ। ਡਰਾਈਵਰ ਨੂੰ ਉਥੇ ਮੌਜੂਦ ਸੁਰੱਖਿਆ ਕਰਮਚਾਰੀਆਂ ਨੇ ਰੋਕਿਆ ਪਰ ਡਰਾਈਵਰ ਨੇ ਯਾਤਰੀ ਨੂੰ ਫੜ ਕੇ ਰਾਡ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਕੁਝ ਹੀ ਦੇਰ ਵਿੱਚ ਹੋਰ ਭਾਰਤੀ ਡਰਾਈਵਰ ਵੀ ਉਥੇ ਆ ਗਏ ਅਤੇ ਯਾਤਰੀ ਨੂੰ ਮਾਰਨ ਲੱਗੇ।

ਆਸਟਰੇਲੀਆ 'ਚ ਚੰਗਾ ਮਾਹੌਲ ਹੋਣਾ ਜ਼ਰੂਰੀ- ਕ੍ਰਿਸ਼ਨਾ

ਕੁਵੈਤ ਸਿਟੀ, 4 ਫਰਵਰੀ (ਵਿਸ਼ਵ ਵਾਰਤਾ)- ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਅੱਜ ਇੱਥੇ ਪੱਤਰਕਾਰਾਂ ਨੂੰ ਕਿਹਾ ਕਿ ਆਸਟਰੇਲੀਆ ਸਰਕਾਰ ਨੇ ਭਾਰਤ ਨੂੰ ਭਰੋਸਾ ਦਿੱਤਾ ਹੈ ਕਿ ਉਹ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਸੁਨਿਸਚਿਤ ਕਰਨ ਲਈ ਢੁੱਕਵੇਂ ਕਦਮ ਉਠਾ ਰਹੀ ਹੈ। ਉਹਨਾਂ ਕਿਹਾ ਕਿ ਭਾਰਤ ਸਰਕਾਰ ਆਸਟਰੇਲੀਆ ਦੇ ਘਟਨਾਕ੍ਰਮਾਂ 'ਤੇ ਲਗਾਤਾਰ ਨਜ਼ਰ ਰੱਖ ਰਹੀ ਹੈ। ਉਹਨਾਂ ਕਿਹਾ- ਆਸਟਰੇਲੀਆ ਅਤੇ ਭਾਰਤ ਦੀ ਸਰਕਾਰਾਂ ਦੇ ਯਤਨਾਂ ਵਿਚਾਲੇ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਉਥੋਂ ਦੇ ਵਿਦਿਆਰਥੀਆਂ ਲਈ ਚੰਗਾ ਮਾਹੌਲ ਹੋਵੇ ਤਾਂਕਿ ਉਹ ਉਚੇਰੀ ਪੜ੍ਹਾਈ ਲਈ ਉਥੇ ਜਾ ਸਕਣ। ਦੋਵੇਂ ਦੇਸ਼ਾਂ ਵਿਚਾਲੇ ਉਚ ਪੱਧਰੀ ਬੈਠਕਾਂ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਦੋਵੇਂ ਦੇਸ਼ ਇੱਕ ਦੂਸਰੇ ਦੇ ਕਰੀਬ ਆ ਰਹੇ ਹਨ। ਕ੍ਰਿਸ਼ਨਾ ਨੇ ਕਿਹਾ ਕਿ ਅਸੀਂ ਇਹ ਵੀ ਮੰਨਦੇ ਹਾਂ ਕਿ ਆਸਟਰੇਲੀਆ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭਾਰਤ ਤੋਂ ਉਚ ਸਿੱਖਿਆ ਲਈ ਗਏ ਕਈ ਵਿਦਿਆਰਥੀ ਰਹਿ ਰਹੇ ਹਨ। ਭਾਰਤ ਸਰਕਾਰ ਉਹਨਾਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹੈ। ਵਿਦੇਸ਼ ਮੰਤਰੀ ਨੇ ਕਿਹਾ ਕਿ ਉਹਨਾਂ ਦੇ ਆਸਟਰੇਲੀਆਈ ਹਮ-ਅਹੁਦਾ ਸਟੀਫ਼ਨ ਸਮਿਥ ਨੇ ਦੱਸਿਆ ਕਿ ਉਹਨਾਂ ਦੀ ਸੰਘੀ ਸਰਕਾਰ ਅਤੇ ਦੋ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੇ ਭਾਰਤੀ ਵਿਦਿਆਰਥੀਆਂ ਦੀਆਂ ਪ੍ਰੇਸ਼ਾਨੀਆਂ ਦਾ ਹੱਲ ਕਰਨ ਲਈ ਇੱਕ ਉਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ।

ਘਟ ਸਕਦੀਆਂ ਹਨ ਸੀਮਿੰਟ ਦੀਆਂ ਕੀਮਤਾਂ

ਮੁੰਬਈ, 4 ਫਰਵਰੀ (ਵਿਸ਼ਵ ਵਾਰਤਾ)- ਆਰਥਿਕ ਵਿਸ਼ਲੇਸ਼ਣ ਕਰਨ ਵਾਲੇ ਮਾਨਿਟਰਿੰਗ ਇੰਡੀਅਨ ਇਕੋਨਮੀ (ਸੀ.ਐਮ.ਆਈ.ਈ.) ਨੇ ਕਿਹਾ ਹੈ ਕਿ ਚਾਲੂ ਵਿੱਤੀ ਸਾਲ ਦੀ ਆਖਰੀ ਤਿਮਾਹੀ ਦੌਰਾਨ ਸੀਮਿੰਟ ਦੀਆਂ ਕੀਮਤਾਂ ਘਟਣ ਦੀ ਸੰਭਾਵਨਾ ਹੈ। ਸੀ.ਐਮ.ਆਈ.ਈ. ਨੇ ਕਿਹਾ ਹੈ ਕਿ ਸਾਨੂੰ ਮਾਰਚ 2010 ਵਿਚ ਕੀਮਤਾਂ ਕਮਜ਼ੋਰ ਰਹਿਣ ਦੀ ਸੰਭਾਵਨਾ ਦਿਖਦੀ ਹੈ ਅਤੇ 2010-11 ਵਿਚ ਕੀਮਤਾਂ ਵਿਚ ਹੋਰ ਗਿਰਾਵਟ ਆਉਣ ਦੀ ਸੰਭਾਵਨਾ ਹੈ। ਸੀ.ਐਮ.ਆਈ.ਈ. ਅਨੁਸਾਰ ਸੀਮੇਂਟ ਕਾਰਖਾਨਿਆਂ ਦੀ ਨਵੀਂ ਸਮਰਥਾ ਜੁੜਣ ਨਾਲ ਸਾਲ 2010-11 ਵਿਚ ਸੀਮੇਂਟ ਦਾ ਉਤਪਾਦਨ ਵਧੇਗਾ। ਸਾਲ ਦੇ ਦੌਰਾਨ 3.84 ਕਰੋੜ ਟਨ ਸੀਮੇਂਟ ਉਤਪਾਦਨ ਸਮਰਥਾ ਵਧੇਗੀ। ਜ਼ਿਆਦਾ ਮੰਗ ਅਤੇ ਤੇਜ਼ੀ ਨਾਲ ਸਮਰਥਾ ਵਿਸਥਾਰ ਨਾਲ 2010.11 ਵਿਚ ਉਤਪਾਦਨ 13 ਫੀਸਦੀ ਵਧੇਗਾ। ਅਪ੍ਰੈਲ, ਸਤੰਬਰ 2009 ਦੇ ਦੌਰਾਨ 2.1 ਕਰੋੜ ਟਨ ਵਾਧੂ ਸਮਰਥਾ ਵਿਸਥਾਰ ਤੋਂ ਦੂਸਰੀ ਛਿਮਾਹੀ ਵਿਚ ਪਹਿਲਾਂ ਦੀਆਂ ਕੀਮਤਾਂ ਵਿਚ ਗਿਰਾਵਟ ਦਾ ਰੁਖ਼ ਬਣਿਆ ਹੈ।

ਲਾਇਲਪੁਰ ਖਾਲਸਾ ਕਾਲਜ ਦਾ ਸ਼ਤਾਬਦੀ ਸਥਾਪਨਾ ਦਿਵਸ ਸਮਾਰੋਹ ਅੱਜ ਤੋਂ

ਸ਼ਾਮ ਨੂੰ ਹੋਵੇਗਾ ਸੱਭਿਆਚਾਰਕ ਪ੍ਰੋਗਰਾਮ

ਜਲੰਧਰ, 4 ਫਰਵਰੀ (ਹਰਪ੍ਰੀਤ ਸਿੰਘ ਲੇਹਿਲ)-ਲਾਇਲਪੁਰ ਖਾਲਸਾ ਕਾਲਜ ਦੀ 100ਵੀਂ ਸਾਲਾਨਾ ਸਥਾਪਨਾ ਸਮਾਰੋਹ ਦੇ ਸਬੰਧ ਵਿੱਚ ਸ਼ੁੱਕਰਵਾਰ ਨੂੰ ਸਵੇਰੇ 10.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਉਪਰੰਤ ਕੀਰਤਨ ਹੋਵੇਗਾ। ਦੁਪਹਿਰ ਬਾਅਦ 12.30 ਵਜੇ ਤੋਂ ਗੁਰਮਤਿ ਵਿਚਾਰਾਂ ਹੋਣਗੀਆਂ ਅਤੇ ਬਾਅਦ ਵਿੱਚ ਅਰਦਾਸ ਉਪਰੰਤ ਹੁਕਮਨਾਮਾ ਲਿਆ ਜਾਵੇਗਾ। ਸ਼ਾਮ 5.30 ਵਜੇ ਤੋਂ ਰਾਤ 8.30 ਵਜੇ ਤੱਕ ਕਾਲਜ ਦੇ ਵਿਦਿਆਰਥੀ ਰਹੇ ਨਾਮਵਰ ਗਾਇਕ ਮਲਕੀਤ ਸਿੰਘ, ਸਰਬਜੀਤ ਚੀਮਾ, ਰੂਪ ਲਾਲ ਮਕਬੂਲ, ਦਲਵਿੰਦਰ ਦਿਆਲਪੁਰੀ, ਰਾਏ ਜੁਝਾਰ, ਜੱਸੀ ਸੋਹਲ ਸਮੇਤ ਕਲਕਾਰ ਪਹੁੰਚ ਕੇ ਸ਼ਾਮ ਦੇ ਮਾਹੌਲ ਸੁਰਮਈ ਬਣਾਉਣਗੇ। ਜਦਕਿ 4 ਵਜੇ ਦੇ ਕਰੀਬ ਸਾਬਕਾ ਵਿਦਿਆਰਥੀ ਮਿਲ ਬੈਠਣਗੇ। ਅਗਲੇ ਦਿਨ ਸ਼ਨੀਵਾਰ ਨੂੰ ਸਵੇਰੇ 10.00 ਵਜੇ ਜਸ਼ਨ ਏ (ਬਾਕੀ ਸਫਾ 2 'ਤੇ)

ਚੰਡੀਗੜ੍ਹ-ਲੁਧਿਆਣਾ ਰੇਲ ਲਿੰਕ ਜਲਦੀ ਮੁਕੰਮਲ ਹੋਵੇ

ਚੰਡੀਗੜ੍ਹ, 4 ਫਰਵਰੀ (ਹਰੀਸ਼ ਚੰਦਰ ਬਾਗਾਵਾਲਾ)- ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਕੇਂਦਰੀ ਰੇਲਵੇ ਮੰਤਰੀ ਮਮਤਾ ਬੈਨਰਜੀ ਨੂੰ ਚੰਡੀਗੜ੍ਹ-ਲੁਧਿਆਣਾ ਰੇਲ ਲਿੰਕ ਦੇ ਮੋਰਿੰਡਾ ਤੋਂ ਸਾਹਨੇਵਾਲ ਦੇ 52 ਕਿਲੋਮੀਟਰ ਨਵੀਂ ਰੇਲਵੇ ਲਾਈਨ ਦੀ ਉਸਾਰੀ ਦੇ ਕੰਮ ਵਿੱਚ ਤੇਜੀ ਲਿਆਉਣ ਲਈ ਸਬੰਧਤ ਰੇਲਵੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਨ।

ਕੁਮਾਰੀ ਬੈਨਰਜੀ ਨੂੰ ਲਿਖੇ ਪੱਤਰ ਵਿੱਚ ਮੁੱਖ ਮੰਤਰੀ ਨੇ ਉਨਾਂ ਦੱਸਿਆ ਕਿ ਰੇਲਵੇ ਵਿਭਾਗ ਵਲੋਂ ਚੰਡੀਗੜ੍ਹ ਤੋਂ ਲੁਧਿਆਣਾ ਰੇਲਵੇ ਲਾਈਨ ਵਿਛਾਉਣ ਦਾ ਕੰਮ ਕਾਫੀ ਸਮਾ ਪਹਿਲਾਂ ਸ਼ੁਰੂ ਕੀਤਾ ਹੋਇਆ ਹੈ ਅਤੇ ਚੰਡੀਗੜ੍ਹ ਤੋਂ ਮੋਰਿੰਡਾ (46 ਕਿਲੋਮੀਟਰ) ਤੱਕ ਪਹਿਲੇ ਪੜਾਅ ਦਾ ਕੰਮ ਸਾਲ 2006 ਵਿੱਚ ਮੁਕੰਮਲ ਹੋ ਗਿਆ ਸੀ। ਸ. ਬਾਦਲ ਨੇ ਇਸ ਗੱਲ ਦਾ ਜ਼ਿਕਰ ਕੀਤਾ ਕਿ ਮੋਰਿੰਡਾ ਤੋਂ ਸਾਹਨੇਵਾਲ (52 ਕਿਲੋਮੀਟਰ) ਦਾ ਕੰਮ ਚਲ ਰਿਹਾ ਹੈ ਪ੍ਰੰਤੂ ਉਸ ਦੀ ਗਤੀ ਧੀਮੀ ਹੈ ਅਤੇ ਦਸੰਬਰ, 2011 ਤੋਂ ਪਹਿਲਾਂ ਇਸ ਦੇ ਪੂਰਾ ਹੋਣ ਦੀ ਉਮੀਦ ਨਹੀਂ ਹੈ।

150 ਕਰੋੜ ਦੀ ਲਾਗਤ ਨਾਲ ਅਟਾਰੀ ਸਰਹੱਦ 'ਤੇ ਸੰਗਠਿਤ ਚੈਕ ਪੋਸਟ ਸਥਾਪਿਤ ਕਰਨ ਦੀ ਯੋਜਨਾ ਨੂੰ ਹਰੀ ਝੰਡੀ

ਅੰਮ੍ਰਿਤਸਰ, 4 ਫਰਵਰੀ (ਮੋਤਾ

ਸਿੰਘ)-ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 150 ਕਰੋੜ ਰੁਪਏ ਦੀ ਲਾਗਤ ਨਾਲ ਅਟਾਰੀ ਸਰਹੱਦ ਤੇ ਸੰਗਠਿਤ ਚੈਕ ਪੋਸਟ ਸਥਾਪਿਤ ਕਰਨ ਦੀ ਯੋਜਨਾ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਇਹ ਚੈਕ ਪੋਸਟ ਲੈਂਡ ਪੋਰਟ ਅਥਾਰਟੀ ਆਫ਼ ਇੰਡੀਆ ਦੀ ਸਰਪ੍ਰਸਤੀ ਹੇਠ ਬਣਾਈ ਜਾਵੇਗੀ। ਭਾਰਤੀ ਲੈਂਡ ਪੋਰਟ ਅਥਾਰਟੀ ਵੱਲੋਂ ਭਾਰਤ ਦੇ ਅੰਤਰਰਾਸ਼ਟਰੀ ਸਰਹੱਦੀ ਖੇਤਰਾਂ ਵਿੱਚ 13 ਅਜਿਹੀਆਂ ਸੰਗਠਿਤ ਚੈਕ ਪੋਸਟਾਂ ਬਣਾਈਆਂ ਜਾਣਗੀਆਂ ਅਤੇ ਅਟਾਰੀ ਦੀ ਚੈਕ ਪੋਸਟ ਸਭ ਨਾਲੋਂ ਪਹਿਲਾਂ ਤਿਆਰ ਕੀਤੀ (ਬਾਕੀ ਸਫਾ 2 'ਤੇ)

ਮਾਸਟਰ ਗੁਰਬੰਤਾ ਸਿੰਘ ਦੀ 30ਵੀਂ ਬਰਸੀ ਸਮਾਗਮ ਅੱਜ

ਜਲੰਧਰ, 3 ਫਰਵਰੀ (ਸਰਬਜੀਤ ਵਾਲੀਆ)-ਪੰਜਾਬ ਦੇ ਸਾਬਕਾ ਖੇਤੀ ਮੰਤਰੀ ਅਤੇ ਦੁਆਰੇ ਦੀ ਉੱਘੀ ਸਖਸ਼ੀਅਤ ਮਰਹੂਮ ਮਾਸਟਰ ਗੁਰਬੰਤਾ ਸਿੰਘ ਜੀ ਦੀ 30ਵੀਂ ਬਰਸੀ ਨੇੜੇ ਪੈਂਦੇ ਉਨ੍ਹਾਂ ਦੇ ਪਿੰਡ ਧਾਲੀਵਾਲ ਵਿਖੇ ਹਰ ਸਾਲ ਦੀ ਤਰ੍ਹਾਂ 5 ਫਰਵਰੀ ਨੂੰ 2010 ਦਿਨ ਸ਼ੁੱਕਰਵਾਰ ਨੂੰ ਮਨਾਈ ਜਾ ਰਹੀ ਹੈ। ਮਾਸਟਰ ਜੀ ਦੇ ਸਪੁੱਤਰ ਅਤੇ ਪੰਜਾਬ ਦੇ ਸਾਬਕਾ ਮੰਤਰੀ ਚੌਧਰੀ ਜਗਜੀਤ ਸਿੰਘ ਨੇ ਦੱਸਿਆ ਕਿ ਬਰਸੀ ਸਮਾਗਮ ਸਬੰਧੀ ਸਵੇਰੇ 11.00 ਵਜੇ ਅਖੰਡ ਪਾਠ ਦੇ ਭੋਗ ਪਾਏ ਜਾਣਗੇ। ਉਪਰੰਤ 12.30 ਵਜੇ ਬਾਅਦ ਦੁਪਹਿਰ ਤੱਕ ਸ਼ਬਦ ਕੀਰਤਨ ਹੋਵੇਗਾ ਅਤੇ 1.20 ਵਜੇ ਤੱਕ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਇਸ ਮੌਕੇ 'ਤੇ ਸਭ ਨੂੰ ਹਾਜ਼ਰੀ ਭਰਨ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

ਭਾਰਤ-ਪਾਕਿ ਵਿਚਾਲੇ ਵਿਚੋਲਗੀ ਨਹੀਂ- ਹੋਲਬਰੁਕ

ਵਾਸ਼ਿੰਗਟਨ, 4 ਫਰਵਰੀ (ਵਿਸ਼ਵ ਵਾਰਤਾ)-ਓਬਾਮਾ ਪ੍ਰਸ਼ਾਸਨ ਵੱਲੋਂ ਭਾਰਤ-ਪਾਕਿਸਤਾਨ ਵਿਚਾਲੇ ਵਿਚੋਲਗੀ ਕਰਨ ਦੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਕਰਦਿਆਂ ਅਮਰੀਕਾ ਦੇ ਵਿਸ਼ੇਸ਼ ਦੂਤ ਨੇ ਅੱਜ ਕਿਹਾ ਕਿ ਅਮਰੀਕਾ ਅਜਿਹੇ ਕਿਸੇ ਯਤਨ ਨੂੰ ਪ੍ਰੋਤਸਾਹਿਤ ਕਰੇਗਾ ਜੋ ਦੋਵੇਂ ਦੱਖਣੀ ਏਸ਼ੀਆਈ ਗੁਆਂਢੀਆਂ ਵਿਚਾਲੇ ਤਣਾਅ ਘਟਾਉਣ ਵਿੱਚ ਸਹਾਇਕ ਹੈ। ਇੱਕ ਪੱਤਰਕਾਰ ਸੰਮੇਲਨ ਵਿੱਚ ਅਮਰੀਕਾ ਦੇ ਵਿਸ਼ੇਸ਼ ਦੂਤ ਰਿਚਰਡ ਹੋਲਬਰੁਕ ਨੇ ਕਿਹਾ- ਮੈਂ ਸਾਫ਼ ਕਰਨਾ ਚਾਹੁੰਦਾ ਹਾਂ ਕਿ ਦੋਵੇਂ ਦੇਸ਼ਾਂ ਵਿਚਾਲੇ ਤਣਾਅ ਘਟਾਉਣ ਜਾਂ ਸੰਬੰਧਾਂ ਵਿੱਚ ਸੁਧਾਰ ਕਰਨ ਲਈ ਅਸੀਂ ਕਿਸੇ ਵੀ ਪ੍ਰਕਾਰ ਦਾ ਯਤਨ ਨਹੀਂ ਕਰਾਂਗੇ। ਹੋਲਬਰੁਕ ਨੇ ਕਿਹਾ- ਕਸ਼ਮੀਰ ਮੁੱਦੇ 'ਤੇ ਅਸੀਂ ਗੱਲਬਾਤ ਜਾਂ ਵਿਚੋਲਗੀ ਕਰਨ ਨਹੀਂ ਜਾ ਰਹੇ ਹਨ। ਮੈਂ ਇਸ ਬਾਰੇ ਕੁਝ ਨਹੀਂ ਕਹਿਣਾ ਚਾਹੁੰਦਾ। ਜ਼ਿਕਰਯੋਗ ਹੈ ਕਿ ਬੀਤੇ ਸਾਲ ਵਿਸ਼ੇਸ਼ ਅਮਰੀਕੀ ਦੂਤ ਨਿਯੁਕਤ ਹੋਣ ਤੋਂ ਬਾਅਦ ਉਹ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਕਸ਼ਮੀਰ ਦਾ ਮੁੱਦਾ ਉਹਨਾਂ ਦੇ ਅਧਿਕਾਰ ਖੇਤਰ ਤੋਂ ਬਾਹਰ ਹੈ।

ਅਮਰਿੰਦਰ ਸਿੰਘ ਨੂੰ ਨਵਾਂ ਪ੍ਰਧਾਨ ਬਣਾਏ ਜਾਣ ਦੀ ਸੰਭਾਵਨਾ

ਚੰਡੀਗੜ੍ਹ, 4 ਫਰਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦਾ ਪ੍ਰਧਾਨ ਤੇ ਹੋਰ ਅਹੁਦੇਦਾਰ ਅਤੇ ਜ਼ਿਲ੍ਹਾ ਪ੍ਰਧਾਨ ਲਗਵਾਉਣ ਲਈ ਪੰਜਾਬ ਤੋਂ ਕਾਂਗਰਸ ਆਲਾ ਕਮਾਨ ਨੂੰ ਇੱਕ ਸਾਬਕਾ ਮੰਤਰੀ ਦੀ ਅਗਵਾਈ ਵਿੱਚ ਵੱਡਾ ਵਫਦ ਮਿਲਿਆ। ਜਿਨ੍ਹਾਂ ਨੇ ਮੰਗ ਕੀਤੀ ਹੈ ਕਿ ਅਸੈਂਬਲੀ ਦੀਆਂ ਚੋਣਾਂ ਨੇੜੇ ਆਉਣ ਕਰਕੇ ਪੰਜਾਬ ਕਾਂਗਰਸ ਦਾ ਪ੍ਰਧਾਨ ਤੇ ਜ਼ਿਲ੍ਹਾ ਪ੍ਰਧਾਨ ਜਲਦੀ ਬਣਾਏ ਜਾਣ। ਪਤਾ ਲੱਗਾ ਹੈ ਕਿ ਆਲਾ ਕਮਾਨ ਪੰਜਾਬ ਵਿੱਚ ਜਲਦੀ ਹੀ ਨਵੇਂ ਪ੍ਰਧਾਨ ਲਾਉਣ ਤੇ ਜ਼ਿਲ੍ਹਾ ਪ੍ਰਧਾਨ ਲਾਉਣ ਲਈ ਫੈਸਲਾ ਕਰ ਰਿਹਾ ਹੈ। ਪਤਾ (ਬਾਕੀ ਸਫਾ 2 'ਤੇ)

ਸੇਲਜ਼ ਟੈਕਸ ਵਿਭਾਗ ਟੀਮ ਵੱਲੋਂ ਕਪਾਹ ਮਿੱਲਾਂ 'ਤੇ ਛਾਪਾਮਾਰੀ

ਬਠਿੰਡਾ, 4 ਫਰਵਰੀ (ਵਿਸ਼ਵ ਵਾਰਤਾ)- ਸੇਲਜ਼ ਟੈਕਸ ਵਿਭਾਗ ਟੀਮ ਵੱਲੋਂ ਅੱਜ ਬਠਿੰਡਾ ਦੀਆਂ ਦੋ ਕਪਾਹ ਮਿੱਲਾਂ 'ਤੇ ਅਚਾਨਕ ਛਾਪਾਮਾਰੀ ਦੇ ਦੌਰਾਨ ਮਿਲਾਂ ਦਾ ਰਿਕਾਰਡ ਆਪਣੇ ਕਬਜ਼ੇ ਵਿਚ ਕਰਨ ਦੀ ਸੂਚਨਾ ਮਿਲੀ ਹੈ। ਮੰਨਿਆ ਜਾ ਰਿਹਾ ਹੈ ਕਿ ਮਿੱਲਾਂ ਦੇ ਰਿਕਾਰਡ ਕਬਜ਼ੇ ਵਿਚ ਲੈਣ ਤੋਂ ਰਹੱਸਮਈ ਤੱਥ ਸਾਹਮਣੇ ਆਉਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਇਸ ਛਾਪਾਮਾਰੀ ਮਾਮਲੇ ਨੂੰ ਰਾਜਨੀਤਿਕ ਦਬਾਅ ਤੋਂ ਰਫਾ-ਦਫਾ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਜੇਕਰ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ-ਪੜਤਾਲ ਕੀਤੀ ਜਾਵੇ ਤਾਂ ਸੇਲਜ਼ ਟੈਕਸ ਵਿਭਾਗ ਨੂੰ ਇਕ ਮੋਟੇ ਸਕੈਂਡਲ ਦਾ ਪਤਾ ਚੱਲ ਸਕਦਾ ਹੈ। ਜਿਸ ਤੋਂ ਵਿਭਾਗ ਦੀ ਸੇਲਜ਼ ਟੈਕਸ ਦੀ ਵੱਡੀ ਚੋਰੀ ਦਾ ਪਰਦਾਫਾਸ਼ ਹੋਣ ਦੇ (ਬਾਕੀ ਸਫਾ 2 'ਤੇ)

ਵਿਸ਼ੇਸ਼ ਸੰਪਾਦਕੀ

-ਬਲਜੀਤ ਸਿੰਘ ਬਰਾੜ

ਸ੍ਰੀ (ਗੁਰੂ) ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਦਾ ਫ਼ੈਸਲਾ ਸ਼ਲਾਘਾਯੋਗ

ਰਵਿਦਾਸ ਭਾਈਚਾਰੇ ਦੇ ਸੰਤਾਂ-ਮਹਾਂਪੁਰਸ਼ਾਂ ਦੀ ਪ੍ਰਤੀਨਿਧ ਸੰਸਥਾ ਸ੍ਰੀ (ਗੁਰੂ) ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ, ਪੰਜਾਬ ਨੇ ਸ੍ਰੀ ਗੁਰੂ ਰਵਿਦਾਸ ਦੇ 633ਵੇਂ ਪ੍ਰਕਾਸ਼ ਉਤਸਵ ਮੌਕੇ ਡੇਰਾ ਬੱਲਾਂ ਵੱਲੋਂ ਵੱਖਰੇ ਧਰਮ, ਵੱਖਰੇ ਧਰਮ ਗ੍ਰੰਥ ਅਤੇ ਨਿਸ਼ਾਨ ਦੇ ਐਲਾਨ ਨੂੰ ਰੱਦ ਕਰ ਦਿੱਤਾ ਹੈ। ਇਹ ਸਾਧੂ ਸੰਪ੍ਰਦਾਇ ਸੁਸਾਇਟੀ ਵੱਡੀ ਗਿਣਤੀ ਵਿੱਚ ਸੰਤਾਂ ਮਹਾਂਪੁਰਸ਼ਾਂ ਦੀ ਪ੍ਰਤੀਨਿਧਤਾ ਕਰਦੀ ਹੈ। ਇਸ ਖੇਤਰ ਦੇ 350 ਦੇ ਕਰੀਬ ਧਾਰਮਿਕ ਅਸਥਾਨ ਇਸ ਸੁਸਾਇਟੀ ਦਾ ਅੰਗ ਹਨ। ਸੰਪਰਦਾਇ ਦੇ ਸੰਤਾਂ ਮਹਾਂਪੁਰਸ਼ਾਂ ਦਾ ਖਿਆਲਾਂ ਹੈ ਕਿ ਡੇਰਾ ਬੱਲਾਂ ਦੇ ਉਕਤ ਕਾਰਵਾਈ ਸਬੰਧਿਤ ਸਮਾਜ ਨੂੰ ਤੋੜਨ ਵਾਲੀ ਹੈ। ਭਾਈਚਾਰੇ ਨਾਲ ਸਬੰਧਿਤ ਸੰਤ-ਮਹਾਂਪੁਰਸ਼ ਨੇ ਜੁੱਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੀ ਆਸਥਾ ਬਣਾਈ ਰੱਖਣ ਦਾ ਐਲਾਨ ਵੀ ਕੀਤਾ ਹੈ। ਸੰਤਾਂ-ਮਹਾਂਪੁਰਸ਼ਾਂ ਨੇ ਸਮੂਹ ਭਾਈਚਾਰੇ ਨੂੰ ਸੱਦਾ ਦਿੱਤਾ ਹੈ ਕਿ ਉਹ ਪਹਿਲਾਂ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਤੀ ਸਮਰਪਿਤ ਰਹਿਣ। ਇਸ ਸਾਧੂ ਸੰਪ੍ਰਦਾਇ ਸੁਸਾਇਟੀ ਦੇ ਕੌਮੀ ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਜੀ ਜਲੰਧਰ ਨੇੜੇ ਪੈਂਦੇ ਇਤਿਹਾਸਕ ਸਥਾਨ ਡੇਰਾ ਸੰਤ ਪ੍ਰੀਤਮ ਦਾਸ (ਬਾਬੇ ਜੌੜੇ), ਰਾਏਪੁਰ ਰਸੂਲਪੁਰ ਦੇ ਮੁਖੀ ਵੀ ਹਨ। ਉਨ੍ਹਾਂ ਦਾ ਸਾਰੇ ਵਰਗਾਂ ਵਿੱਚ ਚੰਗਾ ਮਾਣ ਸਤਿਕਾਰ ਹੈ। ਸੰਪ੍ਰਦਾਇ ਵੱਲੋਂ ਉਕਤ ਫ਼ੈਸਲਾ ਬੇਹੱਦ ਡੂੰਘੀ ਸੋਚ ਵਿਚਾਰ ਪਿੱਛੋਂ ਹੀ ਲਿਆ ਗਿਆ ਹੈ। ਇਸ ਸਬੰਧ ਵਿੱਚ ਸੰਪ੍ਰਦਾਇ ਦੇ ਸੰਤਾਂ-ਮਹਾਂਪੁਰਸ਼ਾਂ ਦੀ ਇੱਥੇ ਲੰਬਾ ਸਮਾਂ ਬੈਠਕ ਵੀ ਹੋਈ। ਇਸ ਬੈਠਕ ਦੀ ਸੁਸਾਇਟੀ ਦੇ ਚੇਅਰਮੈਨ ਸੰਤ ਸਰਵਣ ਦਾਸ ਡੇਰਾ ਸੰਤ ਸੀਤਲ ਦਾਸ ਬੋਹਣ ਹੁਸ਼ਿਆਰਪੁਰ, ਪ੍ਰਧਾਨ ਸੰਤ ਨਿਰਮਲ ਦਾਸ ਡੇਰਾ ਬਾਬੇ ਜੌੜੇ, ਜਨਰਲ ਸਕੱਤਰ ਸੰਤ ਨਿਰਮਲ ਸਿੰਘ ਡੇਰਾ ਸੰਤ ਧਾਮ ਅਵਾਦਾਨ ਦੀ ਅਗਵਾਈ ਹੇਠ ਕੀਤੀ ਗਈ। ਸੰਪ੍ਰਦਾਇ ਦੇ ਇਨ੍ਹਾਂ ਸੰਤਾਂ ਮਹਾਂਪੁਰਸ਼ਾਂ ਦਾ ਸਾਰੇ ਵਰਗਾਂ ਵਿੱਚ ਚੰਗਾ ਮਾਣ-ਸਤਿਕਾਰ ਹੈ। ਸੰਤਾਂ ਮਹਾਂਪੁਰਸ਼ਾਂ ਨੇ ਜੋ ਫੈਸਲਾ ਇਸ ਸਬੰਧ ਵਿੱਚ ਲਿਆ ਹੈ, ਉਹ ਸਾਡੇ ਸਮਾਜ ਲਈ ਬੇਹੱਦ ਮਹੱਤਵਪੂਰਨ ਹੈ। ਇਸ ਨਾਲ ਸਮਾਜ ਇੱਕ ਵੱਡੀ ਵੰਡ ਤੋਂ ਬੱਚ ਜਾਵੇਗਾ। ਸਿੱਖ ਗੁਰੂ ਸਾਹਿਬਾਨਾਂ ਵਾਂਗ ਹੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਕਾਰਾਂ ਦਾ ਬਰਾਬਰ ਸਤਿਕਾਰ ਕਰਦੀ ਹੈ। ਸ੍ਰੀ (ਗੁਰੂ) ਰਵਿਦਾਸ ਜੀ ਦੀ ਬਾਣੀ ਸਭ ਲਈ ਸਤਿਕਾਰਯੋਗ ਹੈ। ਉਨ੍ਹਾਂ ਦੀ ਸਖ਼ਸ਼ੀਅਤ ਬਾਰੇ ਵੀ ਕਿਸੇ ਨੂੰ ਕੋਈ ਕਿੰਤੂ-ਪ੍ਰੰਤੂ ਨਹੀਂ। ਜੇਕਰ ਕੋਈ ਇਸ ਗੱਲ ਦੇ ਸਬੰਧ ਵਿੱਚ ਇਤਰਾਜ ਕਰਦਾ ਹੈ ਤਾਂ ਉਸ ਨੂੰ ਸਿੱਖ ਨਹੀਂ ਆਖਿਆ ਜਾ ਸਕਦਾ। ਸਮਾਜ ਦੇ ਸਾਰੇ ਵਰਗਾਂ ਵਿੱਚ ਇਸ ਸਬੰਧੀ ਕੋਈ ਵੱਡਾ ਸਿਧਾਂਤਿਕ ਮੱਤ ਭੇਦ ਵੀ ਨਹੀਂ ਹੈ। ਅਜਿਹੀ ਹਾਲਤਾਂ ਵਿੱਚ ਸ੍ਰੀ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਵਿੱਚੋਂ ਅਲੱਗ ਕਰਨਾ ਠੀਕ ਨਹੀਂ ਹੈ। ਸਿੱਖ ਗੁਰੂ ਸਾਹਿਬਾਨਾਂ ਨੇ ਸ੍ਰੀ ਰਵਿਦਾਸ ਜੀ ਦੀ ਲਿਖਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਉਸ ਨੂੰ ਬਾਣੀ ਦਾ ਦਰਜਾ ਦਿੱਤਾ ਹੈ। ਇਹ ਉਸ ਸਮੇਂ ਵਿੱਚ ਕੋਈ ਘੱਟ ਅਹਿਮ ਕਾਰਜ ਨਹੀਂ ਸੀ। ਉਸ ਸਮੇਂ ਦੇ ਹਿੰਦੂ ਸ਼ਾਸ਼ਤਰੀ ਪੱਛੜੇ ਵਰਗਾਂ ਨੂੰ ਪੜ੍ਹਨ ਲਿਖਣ ਤੱਕ ਦੀ ਇਜ਼ਾਜਤ ਨਹੀਂ ਦਿੰਦੇ ਸਨ। ਅਜਿਹੇ ਸਮਿਆਂ ਵਿੱਚ ਸ੍ਰੀ ਰਵਿਦਾਸ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਨਾ ਇੱਕ ਇਨਕਲਾਬੀ ਕਦਮ ਸੀ। ਜੇਕਰ ਸਿੱਖ ਗੁਰੂ ਸਾਹਿਬਾਨ ਇਹ ਕਦਮ ਨਾ ਚੁੱਕਦੇ ਤਾਂ ਉਨ੍ਹਾਂ ਵੱਲੋਂ ਰਚੀ ਗਈ ਲਿਖਤ ਨੂੰ ਅੱਜ ਸ਼ਾਇਦ ਹੀ ਕੋਈ ਬਾਣੀ ਵਜੋਂ ਪ੍ਰਵਾਨ ਕਰਦਾ। ਇਸ ਤੱਥ ਦੇ ਸੰਦਰਭ ਵਿੱਚ ਉਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ (ਬਾਕੀ ਸਫਾ 2 'ਤੇ)